ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮ.ਸੀ/2012/84830-832
ਮਿਤੀ, ਚੰਡੀਗੜ੍ਹ 03-09-2012

**ਵਿਸ਼ਾ:-** ਚੌਥੀ ਤੋਂ ਅੱਠਵੀਂ ਦੇ ਸੰਕਲਿਤ ਮੁਲਾਂਕਣ (SA1 ਸਤੰਬਰ ਦੀ ਸਮਾਂ ਸਾਰਣੀ) ਅਤੇ ਨੌਵੀ, ਦਸਵੀ ਦੇ ਪਹਿਲੀ ਟਰਮ ਦੇ ਮੁਲਾਂਕਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਤੰਬਰ ਮਹੀਨੇ ਵਿੱਚ ਚੌਥੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ SA1 ਸਤੰਬਰ ਸੰਕਲਿਤ ਮੁਲਾਂਕਣ ਹੋਣਾ ਹੈ ਅਤੇ ਇਸੇ ਤਰ੍ਹਾ ਨੌਵੀ, ਦਸਵੀਂ ਜਮਾਤ ਲਈ ਪਹਿਲੀ ਟਰਮ ਦਾ ਮੁਲਾਂਕਣ ਹੋਣਾ ਹੈ। ਇਸ ਦੇ ਮੱਦੇਨਜ਼ਰ ਰੱਖਦਿਆਂ ਹੋਇਆ ਕਿ ਵਿਦਿਆਰਥੀ ਇਸ ਮੁਲਾਂਕਣ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਸਮਾਂ ਸਾਰਣੀ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

**ਸੰਕਲਿਤ ਮੁਲਾਂਕਣ 1, ਸਤੰਬਰ 2012-13 (SA1) ਲਈ ਸਮਾਂ ਸਾਰਣੀ**

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ | ਚੌਥੀ | ਪੰਜਵੀਂ |
|---|---|---|---|---|---|---|---|---|---|
| 1. | 25.09.2012 | ਮੰਗਲਵਾਰ | ਅੰਗਰੇਜੀ | ਸਮਾਜਿਕ ਸਿੱਖਿਆ | ਅੰਗਰੇਜੀ | ਪੰਜਾਬੀ | ਸਾਇੰਸ | - | - |
| 2. | 26.09.2012 | ਬੁੱਧਵਾਰ | ਸਰੀਰਿਕ ਸਿੱਖਿਆ | ਹਿੰਦੀ | ਪੰਜਾਬੀ | ਸਾਇੰਸ | ਕੰਪਿਊਟਰ<br>ਚੋਣਵਾਂ ਵਿਸ਼ਾ (ਬਾਅਦ ਦੁਪਹਿਰ) | - | - |
| 3. | 27.09.2012 | ਵੀਰਵਾਰ | ਸਮਾਜਿਕ ਸਿੱਖਿਆ | ਸਰੀਰਿਕ ਸਿੱਖਿਆ | ਸਾਇੰਸ | ਸਰੀਰਿਕ ਸਿੱਖਿਆ | ਗਣਿਤ | - | - |
| 4. | 29.09.2012 | ਸ਼ਨੀਵਾਰ | ਹਿੰਦੀ | ਸਾਇੰਸ | ਸਮਾਜਿਕ ਸਿੱਖਿਆ | ਗਣਿਤ | ਸਮਾਜਿਕ ਸਿੱਖਿਆ | ਪੰਜਾਬੀ | ਵਾਤਾਵਰਨ ਸਿੱਖਿਆ |
| 5. | 01.10.2012 | ਸੋਮਵਾਰ | ਗਣਿਤ | ਅੰਗਰੇਜੀ | ਗਣਿਤ | ਅੰਗਰੇਜੀ | ਪੰਜਾਬੀ | ਵਾਤਾਵਰਨ ਸਿੱਖਿਆ | ਗਣਿਤ |
| 6. | 03.10.2012 | ਬੁੱਧਵਾਰ | ਸਾਇੰਸ | ਪੰਜਾਬੀ ਏ | ਕੰਪਿਊਟਰ<br>ਚੋਣਵਾਂ ਵਿਸ਼ਾ (ਬਾਅਦ ਦੁਪਹਿਰ) | ਹਿੰਦੀ | ਅੰਗਰੇਜੀ | ਗਣਿਤ | ਅੰਗਰੇਜੀ |
| 7. | 04.10.2012 | ਵੀਰਵਾਰ | ਪੰਜਾਬੀ ਏ | ਕੰਪਿਊਟਰ<br>ਚੋਣਵਾਂ ਵਿਸ਼ਾ (ਬਾਅਦ ਦੁਪਹਿਰ) | ਹਿੰਦੀ | ਕੰਪਿਊਟਰ<br>ਚੋਣਵਾਂ ਵਿਸ਼ਾ (ਬਾਅਦ ਦੁਪਹਿਰ) | ਹਿੰਦੀ | ਅੰਗਰੇਜੀ | ਹਿੰਦੀ |
| 8. | 05.10.2012 | ਸ਼ੁਕਰਵਾਰ | ਪੰਜਾਬੀ ਬੀ | ਗਣਿਤ | ਸਰੀਰਿਕ ਸਿੱਖਿਆ | ਸਮਾਜਿਕ ਸਿੱਖਿਆ | ਸਰੀਰਿਕ ਸਿੱਖਿਆ | ਹਿੰਦੀ | ਪੰਜਾਬੀ |
| 9. | 06.10.2012 | ਸ਼ਨੀਵਾਰ | ਕੰਪਿਊਟਰ<br>ਚੋਣਵਾਂ ਵਿਸ਼ਾ (ਬਾਅਦ ਦੁਪਹਿਰ) | ਪੰਜਾਬੀ ਬੀ | - | - | - | - | - |

ਜਿਸ ਦਾ ਸਮਾਂ ਸਵੇਰੇ 8.30 ਵਜੇ ਤੋਂ 11.30 ਵਜੇ ਤੱਕ ਰਹੇਗਾ ਅਤੇ ਜੇਕਰ ਕਿਸੇ ਵਿਸ਼ੇ ਦਾ ਮੁਲਾਂਕਣ ਦੁਪਹਿਰ ਤੋਂ ਬਾਅਦ ਹੋਣਾ ਹੈ ਤਾਂ ਇਸ ਦਾ ਸਮਾਂ ਦੁਪਹਿਰ 12.00 ਵਜੇ ਤੋਂ 2.00 ਵਜੇ ਤੱਕ ਰਹੇਗਾ।

3.0 ਇਹ ਵੀ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਚੌਥੀ ਤੋਂ ਪੰਜਵੀਂ ਜਮਾਤ ਦੇ SA1 (ਸਤੰਬਰ) ਸਿਰਫ ਪ੍ਰਮੁੱਖ ਪੰਜ ਵਿਸ਼ਿਆ ਅੰਗਰੇਜੀ, ਹਿੰਦੀ, ਗਣਿਤ, ਵਾਤਾਵਰਨ ਸਿੱਖਿਆ ਅਤੇ ਪੰਜਾਬੀ ਦੇ ਹੀ ਮੁਲਾਂਕਣ ਟੂਲਜ਼ ਹੈੱਡ ਆਫਿਸ ਤੋਂ ਭੇਜੇ ਜਾਣਗੇ। ਇਸੇ ਤਰ੍ਹਾ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ, ਦਸਵੀਂ ਜਮਾਤ ਲਈ ਵੀ ਸਿਰਫ ਛੇ ਪ੍ਰਮੁੱਖ ਵਿਸ਼ਿਆ ਹਿੰਦੀ, ਪੰਜਾਬੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ ਅਤੇ ਅੰਗਰੇਜੀ ਦੇ ਮੁਲਾਂਕਣ ਟੂਲਜ਼ ਹੈੱਡ ਆਫਿਸ ਤੋਂ ਭੇਜੇ ਜਾਣਗੇ। ਬਾਕੀ ਸਾਰੇ ਵਿਸ਼ਿਆ ਦੇ ਵਿਸ਼ਾ ਅਧਿਆਪਕ ਆਪਣੇ ਵਿਸ਼ਿਆ ਦੇ ਮੁਲਾਂਕਣ ਟੂਲਜ਼ ਆਪਣੇ ਪੱਧਰ ਤੇ ਤਿਆਰ ਕਰਨਗੇ।

4.0 ਕੰਪਿਊਟਰ ਅਧਿਆਪਕ ਵੀ ਆਪਣੇ ਵਿਸ਼ੇ ਦੇ ਮੁਲਾਂਕਣ ਆਪਣੇ ਪੱਧਰ ਤੇ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ ਅਤੇ ਕੁੱਲ ਅੰਕ 90 ਰੱਖੇ ਜਾਣ ਜਿਸ ਵਿੱਚੋਂ 50 ਅੰਕਾਂ ਦਾ ਲਿਖਤੀ ਮੁਲਾਂਕਣ ਅਤੇ 40 ਅੰਕਾਂ ਦਾ ਪ੍ਰੈਕਟੀਕਲ ਮੁਲਾਂਕਣ ਕੰਪਿਊਟਰ ਅਧਿਆਪਕ ਆਪਣੇ ਪੱਧਰ ਤੇ ਲੈਣਗੇ ਅਤੇ ਇਹ ਪ੍ਰੈਕਟੀਕਲ ਮੁਲਾਂਕਣ ਲਿਖਤੀ ਮੁਲਾਂਕਣ ਹੋਣ ਤੋਂ ਪਹਿਲਾ ਮੁਕੰਮਲ ਕਰ ਲਿਆ ਜਾਵੇ।

5.0 ਇਸ ਤੋਂ ਇਲਾਵਾ ਜਿਸ ਵੀ ਕਿਸੇ ਵਿਸ਼ੇ ਦਾ ਪ੍ਰੈਕਟੀਕਲ ਮੁਲਾਂਕਣ SA1 ਵਿੱਚ ਸ਼ਾਮਿਲ ਹੋਣਾ ਹੈ ਸਬੰਧਤ ਵਿਸ਼ਾ ਅਧਿਆਪਕ ਮਿਤੀ ਸਤੰਬਰ 15, 2012 ਤੋਂ ਬਾਅਦ, ਸਤੰਬਰ 22, 2012 ਤੱਕ ਆਪਣੇ ਪੱਧਰ ਤੇ ਸਮਾਂ ਸਾਰਣੀ ਬਣਾ ਕੇ ਵਿਦਿਆਰਥੀਆਂ ਦਾ ਪ੍ਰਯੋਗੀ ਮੁਲਾਂਕਣ ਮੁਕੰਮਲ ਕਰ ਲੈਣ।

6.0 ਗਿਆਰਵੀਂ, ਬਾਰ੍ਹਵੀਂ ਦੇ ਵਿਦਿਆਰਥੀਆਂ ਦੇ ਸਤੰਬਰ ਮਹੀਨੇ ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕ ਦੁਆਰਾ ਪਹਿਲਾ ਦੀ ਤਰ੍ਹਾ ਮੁਲਾਂਕਣ ਟੂਲਜ਼ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀ, ਬਾਰਵੀ ਦੀਆਂ ਸਾਰੀਆਂ streams ਲਈ ਸਮਾਂ ਸਾਰਣੀ ਜਾਰੀ ਕਰ ਦੇਣ।

7.0 ਗਿਆਰਵੀਂ, ਬਾਰ੍ਹਵੀ ਦੇ ਵਿਦਿਆਰਥੀਆਂ ਲਈ ਸਮਾਂ ਸਾਰਣੀ ਜਾਰੀ ਕਰਨ ਲੱਗਿਆ ਸਕੂਲ ਮੁੱਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ 25.09.2012 ਤੋਂ ਸ਼ੁਰੂ ਕੀਤਾ ਜਾਵੇ ਤਾਂ ਜੋ ਸਾਰੇ ਸਕੂਲ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ ਇਸ ਸਬੰਧੀ ਵਿਸ਼ਾ ਅਧਿਆਪਕ ਨੂੰ 22.092012 ਤੱਕ ਪ੍ਰਯੋਗੀ ਮੁਲਾਂਕਣ ਮੁਕੰਮਲ ਕਰਨ ਦੀ ਹਦਾਇਤ ਦਿੱਤੀ ਜਾਵੇ।

8.0 ਅਧਿਆਪਕਾਂ ਦੁਆਰਾ ਮੁਲਾਂਕਣ ਦੇ ਨਤੀਜੇ ਮਿਤੀ: 10.10.2012 ਤੱਕ ਤਿਆਰ ਕਰ ਲਏ ਜਾਣ ਅਤੇ ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ-ਮਿਲਣੀ ਮਿਤੀ: 11.10.2012 ਤੋਂ 12.10.2012 ਤੱਕ ਕਿਸੇ ਇੱਕ ਦਿਨ ਲਾਜ਼ਮੀ ਤੌਰ ਤੇ ਆਯੋਜਿਤ ਕਰਵਾਉਣਾ ਯਕੀਨੀ ਬਣਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀ ਦੇ ਭਵਿੱਖ ਲਈ ਸਕਾਰਾਤਮਕ ਸਿੱਟੇ ਨਿਕਲ ਸਕਣ।

9.0 ਸਮੂਹ ਸਕੂਲ ਮੁੱਖੀ ਜਮਾਤ ਇੰਚਾਰਜ ਦੁਆਰਾ ਉਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਪਲੈਂਡਨ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

10.0 ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

**ਪਿੱਠ ਅੰਕਣ ਨੰ. :ਸਸਅ/ਐਮਸੀ/2012/** 84833-834 **ਮਿਤੀ, ਚੰਡੀਗੜ੍ਹ** 03-09-2012

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਅਤੇ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-**

1) ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰ, ਪੰਜਾਬ

2) ਸਮੂਹ ਡੀ.ਆਰ.ਪੀ (ਟੈਕਸਟ ਬੁੱਕ), ਪੰਜਾਬ

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ